ਤੱਤ ਖ਼ਾਲਸਾ ਜਥੇ ਦੇ ਮੈਂਬਰ ਇੱਕ ਮੀਟਿੰਗ ਦੌਰਾਨ।

ਬਿਕਰਮੀ ਸੰਮਤ ਅਨੁਸਾਰ ਹੀ ਕੈਲੰਡਰ ਸਾਡੇ ਸਮਾਜ ਦਾ ਮੂਲ ਅੰਗ-ਤੱਤ ਖ਼ਾਲਸਾ ਜਥਾ

ਜਲੰਧਰ, 10 ਜਨਵਰੀ (ਅ.ਬ.)-ਤੱਤ ਖਾਲਸਾ ਸੇਵਕ ਜਥੇ ਦੁਆਰਾ ਆਯੋਜਿਤ ਇੱਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸ੍ਰ. ਰਣਜੀਤ ਸਿੰਘ ਖਾਲਸਾ ਨੇ ਕਿਹਾ ਕਿ ਕੁਝ ਦਿਨਾਂ ਤੋਂ ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਕਾਫੀ ਗਰਮਾਇਆ ਹੋਇਆ ਹੈ। ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਵਿੱਚ ਸੋਧ ਕਰਕੇ ਤਖਤ ਸ੍ਰੀ ਹਜ਼ੂਰ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ, ਸਮੂਹ ਸੰਤ ਸਮਾਜ ਅਤੇ ਸਿੱਖ ਸੰਗਤ ਨੂੰ ਇੱਕ ਲੜੀ ਵਿੱਚ ਪਿਰੋਇਆ ਹੈ, ਪਰ ਇਸ ਮੁੱਦੇ ਨੂੰ ਲੈ ਕੇ ਪਰਮਜੀਤ ਸਿੰਘ ਸਰਨਾ ਦੁਆਰਾ ਸਿੱਖ ਭਾਈਚਾਰੇ ਵਿੱਚ ਵੰਡੀਆਂ ਪਾ ਕੇ ਸਿਆਸੀ ਲਾਭ ਪ੍ਰਾਪਤ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸ੍ਰ. ਰਣਜੀਤ ਸਿੰਘ ਨੇ ਸਖਤ ਸ਼ਬਦਾਂ ਵਿੱਚ ਕਿਹਾ ਕਿ ਵੱਖਰੇ ਕੈਲੰਡਰ ਨੂੰ ਲੈ ਕੇ ਸਰਨਾ ਸਮੁੱਚੇ ਸਿੱਖ ਭਾਈਚਾਰੇ ਨਾਲੋਂ ਟੁੱਟ ਕੇ ਵੱਖਰੀ ਹਾਂਡੀ ਕਿਵੇਂ ਚੜ੍ਹਾਵੇਗਾ? ਅੱਜ ਵੀ ਮ੍ਰਿਤਕ ਦਾ ਦਾਹ ਸੰਸਕਾਰ ਪੁਰਾਤਨ ਗੀਤੀ ਰਿਵਾਜ਼ਾਂ ਅਨੁਸਾਰ ਇੱਕ ਵੱਖਰੀ ਹੋਂਦ ਸਥਾਪਤ ਕਰਨ ਲਈ ਅਸੀਂ ਮ੍ਰਿਤਕਾਂ ਨੂੰ ਦਫਨਾਉਣਾ ਸ਼ੁਰੂ ਕਰ ਦੇਵਾਂਗੇ? ਕੀ ਸਿੱਖ ਸਮਾਜ ਇਚ ਗੱਲ ਨਾਲ ਸਹਿਮਤ ਹੋ ਜਾਵੇਗਾ? ਸ੍ਰ. ਰਣਜੀਤ ਸਿੰਘ ਨੇ ਕਿਹਾ ਕਿ ਬਿਕਰਮੀ ਸੰਮਤ ਅਨੁਸਾਰ ਹੀ ਕੈਲੰਡਰ ਹੀ ਸਾਡੇ ਸਮਾਜ ਦਾ ਮੂਲ ਅੰਗ ਹੈ। ਕਿ ਜਦੋਂ ਕਿ ਸਰਨਾ ਉਸ ਕੈਲੰਡਰ ਦੀ ਗੱਲ ਕਰ ਰਿਹਾ ਹੈ, ਜੋ ਵਿਦੇਸ਼ ਵਿੱਚ ਬੈਠੇ ਇੱਕ ਵਿਅਕਤੀ ਨੇ ਅੰਗਰੇਜ਼ਾਂ ਦੀ ਫੁੱਟ ਪਾਉ ਨੀਤੀ ਅਨੁਸਾਰ ਤਿਆਰ ਕੀਤਾ ਹੈ। ਸਿੱਖ ਕੌਮ ਨੂੰ ਨਿੱਤ ਨਵੇਂ ਵਿਵਾਦਾਂ ਵਿੱਚ ਉਲਝਾ ਕੇ ਅੰਦਰੋਂ-ਅੰਦਰ ਖੋਖਲਾ ਕਰਨ ਦੀ ਨੀਤੀ ਨੂੰ ਅਪਨਾ ਕੇ ਸਰਨਾ ਪੰਥ ਦਾ ਹਿਤੈਸ਼ੀ ਨਹੀਂ ਰਿਹਾ। ਸਰਨਾ ਦੀਆਂ ਅਜਿਹੀਆਂ ਘਿਨੌਣੀਆਂ ਚਾਲਾਂ ਤੱਤ ਖਾਲਸਾ ਸੇਵਕ ਜੱਥਾ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ।

ਮੱਕੜ ਸਾਹਿਬ ਨੇ ਕੈਲੰਡਰ 'ਚ ਸੋਧ ਕਰਕੇ ਸਿੱਖ ਸੰਗਤ ਨੂੰ ਇੱਕ ਲੜੀ ਵਿੱਚ ਪਰੋਇਆ

ਸੁਖਬੀਰ ਬਾਦਲ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਯਤਨਸ਼ੀਲ- ਮਜੀਠੀਆ

ਸ਼ਹੀਦ ਭਗਤ ਸਿੰਘ ਕਲੱਬ ਮੰਗੂਵਾਲ ਨਵਾਂਸ਼ਹਿਰ ਜੇਤੂ

ਹੁਸ਼ਿਆਰਪੁਰ, 10 ਜਨਵਰੀ (ਪਰਮਿੰਦਰਜੀਤ ਸਿੰਘ)- ਪੰਜਾਬ ਸਰਕਾਰ ਵੱਲੋਂ ਸਾਲ 2010 ਵਿੱਚ ਵਰਲਡ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪਹਿਲੇ ਸਥਾਨ ਤੇ ਆਉਣ ਵਾਲੀ ਟੀਮ ਨੂੰ ਇੱਕ ਕਰੋੜ ਰੁਪਏ , ਦੂਜੇ ਸਥਾਨ ਤੇ ਆਉਣ ਵਾਲੀ ਟੀਮ ਨੂੰ 51 ਲੱਖ ਰੁਪਏ ਅਤੇ ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 25 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਗੱਲ ਦਾ ਪ੍ਰਗਟਾਵਾ ਯੂਥ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੰਤਰੀ ਪੰਜਾਬ ਬਿਕਰਮ ਸਿੰਘ ਮਜੀਠੀਆ ਨੇ ਅੱਜ ਗੌਸ਼ਨ ਗਰਾਉਂਡ ਵਿਖੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਕਬੱਡੀ ਅਕੈਡਮੀ ਅਤੇ ਜ਼ਿਲ੍ਹਾ ਕਬੱਡੀ ਐਸੋਸੀਏਸ਼ਨ ਵੱਲੋਂ ਕਰਵਾਏ ਜਾ ਰਹੇ ਦੂਸਰੇ ਕਬੱਡੀ ਕੱਪ ਦੇ ਦੂਸਰੇ ਦਿਨ ਦੇ ਇਨਾਮ ਵੰਡ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੈਂ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਦਾ ਬਹੁਤ ਹੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਉਣ ਲਈ ਪੰਜਾਬ ਦੇ ਖੇਡ ਵਿਭਾਗ ਵਿੱਚ ਕੀਤੇ ਜਾ ਰਹੇ 17 ਕਰੋੜ ਰੁਪਏ ਦੇ ਖਰਚੇ ਨੂੰ ਵਧਾ ਕੇ 43 ਕਰੋੜ ਰੁਪਏ ਕਰ ਦਿੱਤਾ ਹੈ। । ਇਸ ਨਾਲ ਖੇਡਾਂ ਨਾਲ ਸਬੰਧਤ ਆਧੁਨਿਕ ਕਿਸਮ ਦਾ ਸਮਾਨ ਖਰੀਦਿਆਂ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਖੇਡਾਂ ਵਿੱਚ ਨਾਮਣਾ ਖੱਟਣ ਵਾਲੇ ਨੌਜਵਾਨਾਂ ਨੂੰ ਨੌਕਰੀਆਂ ਵਿੱਚ ਵੀ ਪਹਿਲ ਦੇ ਆਧਾਰ ਤੇ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਕਬੱਡੀ ਦੀਆਂ 32 ਸਿਰਮੌਰ ਅਕੈਡਮੀਆਂ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਝੰਡੇ ਥੱਲੇ ਕੰਮ ਕਰਦੀਆਂ ਹਨ । ਇਹ ਅਕੈਡਮੀਆਂ 20 ਕੱਪ ਖੇਡਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਇਤਿਹਾਸਕ ਫੈਸਲਾ ਕਰਦੇ ਹੋਏ ਪੰਜਾਬ ਦੀ ਕਬੱਡੀ ਖੇਡ ਨੂੰ ਬਾਕੀ ਖੇਡਾਂ ਵਾਂਗ ਮਾਨਤਾ ਦਿੱਤੀ ਹੋਈ ਹੈ ਅਤੇ ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ ਵੀ ਇਸ ਖੇਡ ਦਾ ਬਣਦਾ ਮਾਣ ਸਤਿਕਾਰ ਦੇਣ ਲਈ ਲਿਖੇਗੀ। ਉਨ੍ਹਾਂ ਨੇ ਪ੍ਰਵਾਸੀਆਂ ਭਾਰਤੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਪੰਜਾਬੀ ਵਿਰਸੇ ਨੂੰ ਨਹੀਂ ਭੁਲਾਇਆ ਹੈ ਅਤੇ ਇਥੇ ਆ ਕੇ ਪੰਜਾਬੀ ਵਿਰਸੇ ਅਤੇ ਪੰਜਾਬੀ ਖੇਡਾਂ ਖਾਸ ਕਰਕੇ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਪੂਰਾ ਸਹਿਯੋਗ ਦੇ ਰਹੇ ਹਨ। ਮਜੀਠੀਆ ਨੇ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਕਬੱਡੀ ਅਕੈਡਮੀ ਹੁਸ਼ਿਆਰਪੁਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਅੱਜ ਦਾ ਜੋ ਰਾਸ਼ਟਰੀ ਪੱਧਰ ਦਾ ਕਬੱਡੀ ਕੱਪ ਕਰਵਾਇਆ ਹੈ, ਇਸ ਨਾਲ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਹੋਰ ਉਤਸ਼ਾਹ ਵਧੇਗਾ। ਇਸ ਮੌਕੇ ਤੇ ਮਜੀਠੀਆ ਨੇ ਅੱਜ ਦੇ ਮੈਚਾਂ ਵਿੱਚ ਜੇਤੂ ਰਹੇ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਤਿੰਨ ਖਿਡਾਰੀਆਂ ਨੂੰ ਮੋਟਰ ਸਾਈਕਲਾਂ ਦੀਆਂ ਚਾਬੀਆਂ ਦਿੱਤੀਆਂ। ਮੁੱਖ ਪਾਰਲੀਮਾਨੀ ਸਕੱਤਰ ਸਿੱਖਿਆ ਬੀਬੀ ਮਹਿੰਦਰ ਕੌਰ ਜੋਸ਼ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਮੈਂ ਬਿਕਰਮ ਸਿੰਘ ਮਜੀਠੀਆ ਦਾ ਅੱਜ ਇਸ ਕਬੱਡੀ ਕੱਪ ਵਿੱਚ ਪਹੁੰਚਣ ਤੇ ਬਹੁਤ ਹੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਅੱਜ ਇਥੇ ਆ ਕੇ ਨੌਜਵਾਨਾਂ ਦਾ ਅਤੇ ਅਕੈਡਮੀ ਦਾ ਹੌਂਸਲਾ ਵਧਾਇਆ ਹੈ। ਉਨ੍ਹਾਂ ਕਿਹਾ ਕਿ ਅੱਜ ਭਾਰੀ ਠੰਡ ਹੋਣ ਦੇ ਬਾਵਜੂਦ ਵੀ ਖੇਡ ਪ੍ਰੇਮੀਆਂ ਦਾ ਹਜ਼ਾਰਾ ਦੀ ਗਿਣਤੀ ਵਿੱਚ ਪਹੁੰਚਣਾ ਇਹ ਦਰਸਾਉਂਦਾ ਹੈ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬ ਦੀਆਂ ਖੇਡਾਂ ਪ੍ਰਤੀ ਬਹੁਤ ਉਤਸ਼ਾਹ ਹੈ।

ਸ਼ਹੀਦ ਭਗਤ ਸਿੰਘ ਕਲੱਬ ਮੰਗੂਵਾਲ ਨਵਾਂਸ਼ਹਿਰ ਦੀ ਟੀਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕਬੱਡੀ ਕੱਪ ਨਾਲ। ਫੋਟੋ: ਪਰਮਿੰਦਰਜੀਤ ਸਿੰਘ

ਅੰਮ੍ਰਿਤਧਾਰੀ ਸਾਬਤ ਸੂਰਤ ਤੇ ਗੁਰਮਤਿ ਮਰਿਯਾਦਾ 'ਤੇ ਖ਼ਰਾ ਉਤਰਨ ਵਾਲਿਆਂ ਦੀਆਂ ਵੋਟਾਂ ਹੀ ਬਣਾਈਆਂ ਜਾਣ : ਪ੍ਰੋ. ਬਡੂੰਗਰ

ਫਤਿਹਗੜ੍ਹ ਸਾਹਿਬ 10 ਦਸੰਬਰ (ਮਾਨ/ਪਰਦੀਪ ਸਿੰਘ/ਬਰਜਿੰਦਰ) :-ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਬਨਣ ਵਾਲੀਆਂ ਵੋਟਾਂ ਕੇਵਲ ਅੰਮ੍ਰਿਤਧਾਰੀ ਸਾਬਤ ਸੂਰਤ, ਗੁਰਮਤਿ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਤੇ ਖ਼ਰਾ ਉਤਰਨ ਵਾਲਿਆਂ ਦੀਆਂ ਵੋਟਾਂ ਹੀ ਬਣਾਈਆਂ ਜਾਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਫਤਿਹਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਥ ਪ੍ਰਵਾਨਤ ਮਰਿਯਾਦਾ ਦੇ ਧਾਰਨੀ ਤੇ ਉਸ ਦਾ ਪਰਿਵਾਰ, ਪਤਨੀ ਤੇ ਬੱਚੇ ਵੀ ਗੁਰਮਤਿ ਮਰਿਯਾਦਾ ਤੇ ਪੂਰੇ

ਉਤਰਨ ਵਾਲਿਆਂ ਦੀਆਂ ਨੂੰ ਹੀ ਵੋਟਰ ਬਣਾਇਆ ਜਾਣਾ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਕਿ ਧਾਰਮਿਕ ਭਾਵਨਾ ਤੇ ਕੋਈ ਸੱਟ ਨਾ ਵੱਜ ਸਕੇ। ਉਨ੍ਹਾਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਇਨ੍ਹਾਂ ਸ਼ਰਤਾਂ ਤੇ ਪੂਰਾ ਧਿਆਨ ਰੱਖਦੇ ਹੋਏ ਗੁਰਮਤਿ ਮਰਿਯਾਦਾ ਦੇ ਧਾਰਨੀਆਂ ਨੂੰ ਹੀ ਵੋਟ ਪਾਉਣ ਦਾ ਅਧਿਕਾਰ ਦੇਣ। ਉਨ੍ਹਾਂ ਇਹ ਵੀ ਸਪਸ਼ਟ ਕਰਦਿਆਂ ਕਿਹਾ ਕਿ ਗੁਰੂ ਪੰਥ ਵਿਚ ਗਿਣਤੀ ਦੀ ਕੋਈ ਮੱਹਤਤਾ ਨਹੀਂ ਸਗੋਂ ਸਿਧਾਤ ਦੇ ਗੁਣ ਤੇ ਗੁਰਮਤਿ ਦੇ ਗੁਣਾਂ ਨੂੰ ਹੀ ਮੱਹਤਤਾ ਦਿੱਤੀ ਗਈ ਹੈ। ਪਾਕਿ ਦੀਆਂ ਔਰਤਾਂ ਨਾਲ ਕਾਂਗਰਸੀ ਆਗੂਆਂ ਦੇ ਸਬੰਧਾਂ ਨੂੰ ਕਿਉਂ ਉਤਸ਼ਾਹਿਤ ਕੀਤਾ ਜਾ ਰਿਹਾ।

ਬੋਨਸ ਦੇ ਪੈਸੇ ਨਾ ਮਿਲੇ

ਅਮਲੋਹ, 10 ਜਨਵਰੀ (ਵਿਪਨ ਬਾਂਸਲ)- ਆੜ੍ਹਤੀ ਐਸੋਸੀਏਸ਼ਨ ਪੰਜਾਬ ਦੀ ਸੂਬਾਈ ਕਾਰਜਕਾਰਨੀ ਦੇ ਮੈਂਬਰ ਸ੍ਰੀ ਜੀਵਨ ਕੁਮਾਰ ਪੁਰੀ ਨੇ ਕਿਸਾਨਾਂ ਨੂੰ ਝੋਨੇ ਤੇ 50 ਰੁਪਏ ਪ੍ਰਤੀ ਕੁਇੰਟਲ ਬੋਨਸ ਦੀ ਰਾਸੀ ਹੁਣ ਤੱਕ ਨਾ ਦੇਣ ਦੀ ਸਖਤ ਸਬਦਾਂ ਵਿਚ ਅਲੋਚਨਾ ਕਰਦਿਆ ਮੰਗ ਕੀਤੀ ਕਿ ਇਹ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ ਕਿਉਂਕਿ ਪੈਸੇ ਨਾ ਮਿਲਣ ਕਾਰਣ ਕਿਸਾਨਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਦਸਿਆ ਕਿ ਪਨਗਰੈਡ ਵਲੋਂ ਇਹ ਬੋਨਸ ਦੀ ਰਾਸੀ ਜਾਰੀ ਕਰ ਦਿਤੀ ਗਈ ਹੈ ਜਦੋਕਿ ਬਾਕੀ ਏਜੰਸੀਆਂ ਵਲੋਂ ਜਾਣਬੁੱਝ ਕੇ ਬੇਲੋੜਾ ਵਿਵਾਦ ਖੜ੍ਹਾ ਕਰਕੇ ਇਸ ਵਿਚ ਦੇਰੀ ਕੀਤੀ ਜਾ ਰਹੀ ਹੈ। ਸ੍ਰੀ ਪੁਰੀ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਕਿ ਬੋਨਸ ਸਬੰਧੀ ਵਰੰਗਲ ਜਰੂਰਤ ਕਾਰਵਾਈ ਖਤਮ ਕੀਤੀ ਜਾਵੇ ਅਤੇ ਇਸ



ਮੰਤਵ ਲਈ ਲਗਾਈਆਂ ਜਾ ਰਹੀਆਂ ਸ਼ਰਤਾਂ ਨਰਮ ਕੀਤੀਆਂ ਜਾਣ ਕਿਉਂਕਿ ਇਸ ਸਬੰਧੀ ਆੜਤੀਆਂ ਨੇ ਕਿਸਾਨਾਂ ਨੂੰ ਪੈਏਜ਼ ਅਕਾਊਟ ਦਾ ਚੈਕ ਦੇਣਾ ਹੈ ਇਸ ਲਈ ਇਸ ਵਿਚ ਕਿਸੇ ਕਿਸਮ ਦੀ ਕੋਈ ਹੇਰਾਫੇਰੀ ਜਾਂ ਕੋਈ ਕੁਤਾਹੀ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਆੜਤੀ ਹਰਜਿੰਦਰ ਸਿੰਘ, ਭਗਤ ਸਿੰਘ, ਕੇਵਲ ਕ੍ਰਿਸ਼ਨ, ਚਮਨ ਲਾਲ ਆਦਿ ਮੌਜੂਦ ਸਨ।

ਧਾਲੀਵਾਲ ਅਤੇ ਹੀਰੋ ਪਰਿਵਾਰ ਨੂੰ ਸਦਮਾ

ਸਰੀ, 10 ਜਨਵਰੀ (ਅ.ਬ.)- : ਜਥੇਦਾਰ ਦਰਸ਼ਨ ਸਿੰਘ ਧਾਲੀਵਾਲ ਅਤੇ ਜਥੇਦਾਰ ਜਗਰੂਪ ਸਿੰਘ ਧਾਲੀਵਾਲ ਚੇਅਰਮੈਨ ਮਾਰਕੀਟ ਕਮੇਟੀ ਬੱਧਨੀ ਕਲਾਂ ਦੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਪੁੱਜਿਆ ਜਦੋਂ ਉਨ੍ਹਾਂ ਦੀ ਨੂੰਹ ਬੀਬੀ ਰਮਨਦੀਪ ਕੌਰ (30) ਧਰਮਪਤਨੀ ਸੁਖਜਿੰਦਰ ਸਿੰਘ ਧਾਲੀਵਾਲ ਭਰ ਜਵਾਨੀ ਵਿਚ ਪਰਿਵਾਰ ਅੱਧਵਾਟੇ ਛੱਡ ਕੇ ਬੀਤੀ 3 ਜਨਵਰੀ ਨੂੰ ਸਵਰਗ ਸਿਧਾਰ ਗਏ। ਮਰਹੂਮ ਬੀਬੀ ਰਮਨਦੀਪ ਕੌਰ ਦੇ ਪੰਜਾਬ ਵਿਖੇ ਪੇਕੇ ਪਿੰਡ ਰਾਏਕੋਟ ਅਤੇ ਸਹੁਰਾ ਪਿੰਡ ਕੁੱਸਾ ਹੈ। ਸ: ਗੁਰਬਖਸ਼ ਸਿੰਘ ਹੀਰੋ ਤੇ ਬਲਵੀਰ ਕੌਰ ਦੀ ਧੀ ਅਤੇ ਜਥੇਦਾਰ ਜਗਰੂਪ ਸਿੰਘ ਧਾਲੀਵਾਲ ਤੇ ਸਰਦਾਰਨੀ ਦਲਜੀਤ ਕੌਰ ਦੀ ਨੂੰਹ ਰਮਨਦੀਪ ਕੌਰ ਅੱਜ-ਕੱਲ੍ਹ ਸਰੀ ਨਿਵਾਸੀ ਸਨ। ਉਹ ਆਪਣੇ ਪਿੱਛੇ 5 ਸਾਲ ਦੀ ਲੜਕੀ ਮੁਸਕਾਨ ਅਤੇ ਸਵਾ ਮਹੀਨੇ ਦਾ ਬੇਟਾ ਅਰਮਾਨ ਨੂੰ ਛੱਡ ਗਏ ਹਨ। ਬੀਬੀ ਰਮਨਦੀਪ ਕੌਰ ਦਾ ਅੰਤਮ ਸਸਕਾਰ 16 ਜਨਵਰੀ 2010 ਨੂੰ ਸਵੇਰੇ 11 ਵਜੇ ਫਾਈਵ ਰਿਵਰ ਫਿਊਨਲ ਹੋਮ ਡੈਲਟਾ ਵਿਖੇ ਹੋਵੇਗਾ। ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਰਖਵਾਏ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵਿਖੇ ਹੋਵੇਗੀ। ਉਨ੍ਹਾਂ ਦੀ ਮੌਤ 'ਤੇ ਸ਼ੁੱਖ ਧਾਲੀਵਾਲ ਐਮ.ਪੀ., ਦਵਿੰਦਰ ਸ਼ੋਰੀ ਮੈਂਬਰ ਪਾਰਲੀਮੈਂਟ, ਡਾ: ਗੁਲਜਾਰ ਸਿੰਘ ਚੀਮਾ, ਗੁਰਵੰਤ ਸਿੰਘ ਗਰੇਵਾਲ ਸਾਬਕਾ ਐਮ.ਪੀ., ਪੰਜਾਬ ਦੇ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ, ਜਥੇਦਾਰ ਗੁਰਮੀਤ ਸਿੰਘ ਖੁੱਡੀਆਂ, ਮਹੇਸ਼ਇੰਦਰ ਸਿੰਘ ਬਾਦਲ, ਜਗਰੂਪ ਸਿੰਘ ਬਰਾੜ ਐਮ.ਐਲ.ਏ., ਟੋਨੀ ਭੁੱਲਰ ਸਾਬਕਾ ਐਮ.ਐਲ.ਏ., ਸਾਹਿਬ ਸਿੰਘ ਥਿੰਦ, ਰੋਮੀ ਸਿੱਧੂ ਅਤੇ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਕੰਢੀ ਦੇ ਕਿਸਾਨਾਂ ਦੀਆਂ ਫਸਲਾਂ ਦਾ ਉਜਾੜਾ ਰੋਕਣ ਲਈ ਜਥੇਬੰਦੀ ਹਰ ਤਰ੍ਹਾਂ ਦਾ ਸੰਘਰਸ਼ ਕਰਨ ਲਈ ਤਿਆਰ-ਬਲਵੀਰ ਸਿੰਘ

ਬਲਾਚੌਰ, 10 ਜਨਵਰੀ (ਪੱਤਰ ਪ੍ਰੇਰਕ)-ਸਮੁੱਚੇ ਦੇਸ਼ ਦੇ ਅੰਨ ਭੰਡਾਰ ਵਿੱਚ 80 ਫੀਸਦੀ ਯੋਗਦਾਨ ਪਾਉਣ ਵਾਲਾ ਸੂਬਾ ਪੰਜਾਬ ਜਿਸ ਤਰ੍ਹਾਂ ਅੱਜ ਖੇਤੀ ਕਿੱਤੇ ਵਿੱਚ ਆਏ ਦਿਨ ਪ੍ਰਤੀ ਦਿਨ ਨਿਘਾਰ ਕਾਰਨ ਪੱਛੜਦਾ ਜਾ ਰਿਹਾ ਹੈ, ਉਸ ਨੂੰ ਵੇਖ ਕੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇਕਰ ਇਸ ਕਿੱਤੇ ਨੂੰ ਬਚਾਉਣ ਲਈ ਖੁਦ ਕਿਸਾਨ ਅਤੇ ਸਰਕਾਰਾਂ ਸੰਜੀਵਾ ਨਾ ਹੋਈਆਂ ਤਾਂ ਇਹ ਸੰਕਟ ਸਾਰੇ ਦੇਸ਼ ਲਈ ਖ਼ਤਰੇ ਦੀ ਘੰਟੀ ਸਾਬਿਤ ਹੋਵੇਗਾ। ਇਹ ਵਿਚਾਰ ਅੱਜ ਭਾਰਤੀਆਂ ਕਿਸਾਨ ਯੂਨੀਅਨ (ਰਾਜੇਵਾਲ) ਦੇ ਕੁਲ ਹਿੰਦ ਪ੍ਰਧਾਨ ਸ੍ਰ. ਬਲਵੀਰ ਸਿੰਘ ਗਜੇਵਾਲ ਨੇ ਕੰਢੀ ਦੇ ਕਿਸਾਨਾਂ ਦੀਆਂ ਫਸਲਾਂ ਦੇ ਜੰਗਲੀ ਜਾਨਵਰਾਂ ਅਤੇ ਗਊਆਂ ਵੱਲੋਂ ਕੀਤੇ ਜਾਂਦੇ ਉਜਾੜੇ ਤੋਂ ਬਚਾਉਣ ਲਈ ਇੱਥੋਂ ਦੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪਿੰਡ ਕੱਤੇਵਾਲ ਵਿਖੇ ਇੱਕ ਕਿਸਾਨ ਰੈਲੀ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਅੱਗੇ ਆਖਿਆ ਕਿ ਸਰਕਾਰਾਂ ਵੱਲੋਂ ਬਿਠਾਏ ਗਏ ਕਮਿਸ਼ਨਰਾਂ ਦੇ ਅੰਕੜਿਆਂ ਨੇ ਇਹ ਗੱਲ ਸਾਬਿਤ ਕੀਤੀ ਹੈ ਕਿ ਘੱਟ ਤੋਂ ਘੱਟ 15 ਏਕੜ ਵਾਲੇ ਕਿਸਾਨ ਦਾ ਜੀਵਨ ਪੱਧਰ ਇੱਕ ਸ਼ਹਿਰ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ-ਨਾਲ ਕੱਢਣ ਬਾਰੇ ਅਤੇ ਸਰਕਾਰੀ ਟਿਊਬਵੈੱਲਾਂ ਦੇ